BRAMPTON Flower City brampton.ca

media release

20 ਜੁਲਾਈ, 2018

# ਬ੍ਰੈਂਪਟਨ ਵਿੱਚ ਨਿਵੇਸ਼ਕ ਨੈੱਟਵਰਕ ਸ਼ੁਰੂ ਹੋਇਆ

ਬ੍ਰੈਂਪਟਨ, ਓਨਟੈਰੀਓ – ਬ੍ਰੈਂਪਟਨ ਦੇ 50 ਨਿਵੇਸ਼ਕ, ਸਿੱਖਿਅਕ ਅਤੇ ਆਗੂ ਬੁੱਧਵਾਰ, 18 ਜੁਲਾਈ ਨੂੰ, ਸ਼ਹਿਰ ਲਈ ਇੱਕ ਨਵੇਂ ਨਿਵੇਸ਼ਕ ਗਰੁੱਪ ਦੀ ਸ਼ੁਰੂਆਤ ਕਰਨ ਵਾਲੇ ਕਾਰਜਕਰਮ ਲਈ ਇਕੱਤਰ ਹੋਏ।

*ਸੀ.ਬੀ.ਏ. ਕੈਟਾਲਿਸਟਸ ਆਫ ਬ੍ਰੈਂਪਟਨ (CBA Catalysts of Brampton)* ਨੂੰ ਇੱਕ ਅੰਤਰਰਾਸ਼ਟਰੀ ਨਿਵੇਸ਼ਕ ਨੈੱਟਵਰਕ, ਕ੍ਰੌਸ ਬੋਰਡਰ ਏਂਜਲਸ ਐਂਡ ਐਕਸਪਰਟਸ (Cross Border Angels & Experts) (ਸੀ.ਬੀ.ਏ.) (CBA) ਦੁਆਰਾ ਸਮਰਥਨ ਦਿੱਤਾ ਜਾਏਗਾ। ਉਹਨਾਂ ਦੇ ਗਲੋਬਲ ਨੈੱਟਵਰਕ, ਔਨਲਾਈਨ ਪੋਰਟਲ ਅਤੇ ਕਾਰਜਕਰਮਾਂ ਤੱਕ ਪਹੁੰਚ ਰਾਹੀਂ, ਅਤੇ ਸਥਾਨਕ ਕਾਰੋਬਾਰੀ ਆਗੂਆਂ ਅਤੇ ਸਿਟੀ ਦੇ ਇਕੋਨੋਮਿਕ ਡੈਵਲੈਪਮੈਂਟ ਐਂਡ ਕਲਚਰ (Economic Development and Culture) ਦਫ਼ਤਰ ਦੇ ਨਾਲ ਭਾਈਵਾਲੀ ਵਿੱਚ, ਸੰਗਠਨ ਦਾ ਟੀਚਾ ਭਾਈਚਾਰਕ ਅਤੇ ਆਰਥਿਕ ਵਿਕਾਸ ਨੂੰ ਤੇਜ਼ ਕਰਨਾ ਹੈ।

ਸ਼ੁਰੂਆਤ ਕਰਨ ਦੇ ਕਾਰਜਕਰਮ ਵਿੱਚ ਨੈੱਟਵਰਕਿੰਗ, ਇੱਕ ਪੈਨਲ ਚਰਚਾ ਅਤੇ ਵਿਕਰੀ ਸਬੰਧੀ ਗੱਲਬਾਤ ਸ਼ਾਮਲ ਸੀ, ਜਿਸ ਵਿੱਚ ਨਿਵੇਸ਼ ਜਾਂ ਮਾਰਗਦਰਸ਼ਨ (ਮੈਂਟਰਸ਼ਿਪ) ਨੂੰ ਸੁਰੱਖਿਅਤ ਰੱਖਣ ਦੀ ਆਸ ਵਿੱਚ ਛੇ ਐਂਟਰਪ੍ਰੀਨੀਅਰਾਂ ਨੇ ਗਰੁੱਪ ਵਿੱਚ ਆਪਣੇ ਕਾਰੋਬਾਰਾਂ ਬਾਰੇ ਵਿਕਰੀ ਸਬੰਧੀ ਗੱਲਬਾਤ ਕੀਤੀ।

ਬ੍ਰੈਂਪਟਨ ਦੀ ਮੇਅਰ ਲਿੰਡਾ ਜੈਫਰੀ (Linda Jeffrey) ਨੇ ਕਿਹਾ, "ਮੈਨੂੰ ਮਾਣ ਹੈ ਕਿ ਬ੍ਰੈਂਪਟਨ ਵਿੱਚ ਸਾਡੇ ਵੱਡੇ ਨਵੀਨਤਾਕਾਰੀ ਐਂਟਰਪ੍ਰੀਨੀਅਰ ਸਬੰਧੀ ਭਾਈਚਾਰੇ ਦੇ ਹਿੱਸੇ ਵਜੋਂ ਜੋਸ਼ੀਲੇ ਅਤੇ ਸਮਰਪਿਤ ਕਾਰੋਬਾਰੀ ਆਗੂ ਹਨ।" ਉਹਨਾਂ ਨੇ ਅੱਗੇ ਕਿਹਾ "ਨੈੱਟਵਰਕਿੰਗ ਅਤੇ ਸਹਿਯੋਗ ਦੁਆਰਾ ਇਹਨਾਂ ਲੋਕਾਂ ਨੂੰ ਇਕੱਠੇ ਲਿਆਉਣ ਨਾਲ ਸਾਡੀ ਸਿਟੀ ਵਿੱਚ ਨਵੇਂ ਮੌਕਿਆਂ ਅਤੇ ਵਾਧੇ ਲਈ ਦੂਜਾ ਮੁੱਖ ਸਰੋਤ ਸ਼ਾਮਲ ਹੁੰਦਾ ਹੈ।"

ਕਾਰਜਕਰਮ ਦੀ ਪੈਨਲ ਚਰਚਾ ਕੈਨੇਡਿਅਨ Start-Up Visa Program (ਸਟਾਰਟ-ਅਪ ਵੀਜ਼ਾ ਪ੍ਰੋਗਰਾਮ) ਦੁਆਰਾ ਐਂਟਰਪ੍ਰੀਨੀਅਰਾਂ ਨੂੰ ਮੁਹੱਈਆ ਕੀਤੇ ਜਾਣ ਵਾਲੇ ਮੌਕਿਆਂ 'ਤੇ ਕੇਂਦਰਿਤ ਸੀ। ਪ੍ਰੋਗਰਾਮ ਉਹਨਾਂ ਨਵੇਂ ਸਥਾਪਤ (ਸਟਾਰਟ-ਅਪ) ਐਂਟਰਪ੍ਰੀਨੀਅਰਾਂ ਲਈ ਸਥਾਈ ਰਿਹਾਇਸ਼ ਅਤੇ ਫੰਡਿੰਗ ਮੁਹੱਈਆ ਕਰਦਾ ਹੈ, ਜਿਹਨਾਂ ਕੋਲ ਕੈਨੇਡਾ ਵਿੱਚ ਅਜਿਹੀਆਂ ਨਵੀਨਤਾਕਾਰੀ ਕੰਪਨੀਆਂ ਦਾ ਨਿਰਮਾਣ ਕਰਨ ਦੀ ਸਮਰੱਥਾ ਹੈ, ਜੋ ਨਵੀਆਂ ਨੌਕਰੀਆਂ ਪੈਦਾ ਕਰ ਸਕਣ, ਆਰਥਿਕ ਵਾਧੇ ਨੂੰ ਪ੍ਰੇਰਿਤ ਕਰ ਸਕਣ, ਅਤੇ ਵਿਸ਼ਵਵਿਆਪੀ ਪੈਮਾਨੇ 'ਤੇ ਮੁਕਾਬਲਾ ਕਰ ਸਕਣ। ਪੈਨਲ ਮੈਂਬਰ ਅਤੇ ਐਂਟਰਪ੍ਰੀਨੀਅਰ ਜੌਬਐਡਐਕਸ (JobAdX) ਦੇ ਅਮਿਤ ਚੌਹਾਨ (Amit Chauhan) ਨੇ ਪ੍ਰੋਗਰਾਮ ਬਾਰੇ ਆਪਣਾ ਅਨੁਭਵ ਸਾਂਝਾ ਕੀਤਾ, ਅਤੇ ਸੀ.ਬੀ.ਏ. (CBA) ਪ੍ਰੈਜ਼ੀਡੈਂਟ ਕੌਸ਼ਲ ਚੋਕਸ਼ੀ (Kaushal Chokshi), ਨੈਸ਼ਨਲ ਏਂਜਲ ਕੈਪੀਟਲ ਸੰਗਠਨ ਦੇ ਸੀ.ਈ.ਓ. ਯੂਰੀ ਨਵਾਰੋ (Yuri Navarro) ਅਤੇ ਹੋਰ ਸਥਾਨਕ ਆਗੂ ਚਰਚਾ ਵਿੱਚ ਸ਼ਾਮਲ ਹੋਏ।

ਬ੍ਰੈਂਪਟਨ ਦੇ ਅਸ਼ਵਿਨ ਸੰਜ਼ਗਿਰੀ (Ashwin Sanzgiri), ਜੋ ਕਿ ਸਕੇਲ ਗਰੁੱਪ (Scaale Group) ਅਤੇ ਕ੍ਰੌਸ ਬੋਰਡਰ ਏਂਜਲਸ (Cross Border Angels) ਦੇ ਵਾਈਸ ਪ੍ਰੈਜ਼ੀਡੈਂਟ ਹਨ, ਨੇ ਗਰੁੱਪ ਬਣਾਉਣ ਲਈ ਮੁੱਖ ਯਤਨ ਕੀਤੇ ਹਨ, ਅਤੇ ਉਹ ਸਥਾਨਕ ਖੰਡ (ਚੈਪਟਰ) ਦੇ ਚੀਫ ਕੈਟਾਲਿਸਟ (Chief Catalyst) ਹੋਣਗੇ। ਸੰਜ਼ਗਿਰੀ ਨੇ ਕਿਹਾ, "ਮੈਂ ਬ੍ਰੈਂਪਟਨ ਨੂੰ ਗਲੋਬਲ ਨਵੀਨਤਾਕਾਰੀ ਨਕਸ਼ੇ 'ਤੇ ਦੇਖਣਾ ਚਾਹੁੰਦਾ ਹਾਂ।" ਉਹਨਾਂ ਨੇ ਅੱਗੇ ਕਿਹਾ, "ਸਾਡੇ ਕੋਲ ਪਹਿਲਾਂ ਹੀ ਖੁੱਲ੍ਹੇ ਵਿਚਾਰਾਂ ਵਾਲੇ ਕੈਟਾਲਿਸਟਸ ਦਾ ਮਿਸ਼ਰਣ ਹੈ, ਜਿਹਨਾਂ ਨੇ ਬ੍ਰੈਂਪਟਨ ਸਮੇਤ, ਪੂਰੇ ਜੀ.ਟੀ.ਏ. (GTA) ਤੋਂ ਕੁਝ ਵਧੀਆ ਕਿਸਮ ਦੇ ਨਵੇਂ ਸਥਾਪਤ ਅਤੇ ਸਥਾਨਕ ਕਾਰੋਬਾਰੀਆਂ ਨੂੰ ਫੀਡਬੈਕ ਦੇਣ ਵਿੱਚ ਸ਼ੁਰੂਆਤ ਕਰਨ ਦੇ ਦੌਰਾਨ ਸਕਿਰਿਆ ਰੂਪ ਨਾਲ ਹਿੱਸਾ ਲਿਆ।"

BRAMPTON Flower City brampton.ca

media release

ਸ਼ੁਰੂਆਤ ਕਰਨ ਦੇ ਪ੍ਰੋਗਰਾਮ ਵਿੱਚ ਨਵੇਂ ਸਥਾਪਤ ਕਾਰੋਬਾਰੀਆਂ ਵਿੱਚ ਸ਼ਾਮਲ ਸਨ:

- ਅਮਿਤ ਚੌਹਾਨ, ਸੀ.ਈ.ਓ., ਜੌਬਐਡਐਕਸ
- ਮੈਲੋਰੀ ਮੈਕਵੇਨ (Mallory McKewen), ਸੀ.ਈ.ਓ., ਬ੍ਰਾਈਡਸਮੇਡ (BridesMade)
- ਕੌਨਰ ਟਿਡ (Conner Tidd), ਸਹਿ-ਸੰਸਥਾਪਕ, ਜਸਟ ਵਰਟੀਕਲ (Just Vertical)
- ਟ੍ਰੇਸੀ ਪੇਪੇ (Tracy Pepe), ਸੰਸਥਾਪਕ ਅਤੇ ਐਡਰੀਅਨ ਪੇਪੇ (Adrian Pepe), ਡਾਇਰੈਕਟਰ, ਨੋਜ ਨੋਜ ਡਿਜ਼ਾਈਨ (Nose Knows Design) (ਦ ਸੈਂਟਡ ਲੇਅਰ)
- ਰਿਚਰਡ ਬੁਰਟੋਨ-ਵਿਲੀਅਮਸ (Richard Burton-Williams), ਟੀਮ ਮੈਂਬਰ, ਜਸਟਵੈਲਥ (Justwealth)
- ਅਦਨਾਨ ਜ਼ੁਬੇਰੀ (Adnan Zuberi), ਸੰਸਥਾਪਕ ਅਤੇ ਅਜ਼ਮਤ ਜ਼ੁਬੇਰੀ (Azmat Zuberi), ਸੰਸਥਾਪਕ, ਨੋਟਟੋਨਿਕ (NoteTonic)

ਸੀ.ਬੀ.ਏ. ਕੈਟਾਲਿਸਟਸ ਆਫ ਬ੍ਰੈਂਪਟਨ ਦੇ ਖੰਡ (ਚਾਰਟਰ) ਮੈਂਬਰ ਗਰੁੱਪ ਵਿੱਚ ਨਿਸ਼ਚਿਤ ਕੀਤੀਆਂ ਭੂਮਿਕਾਵਾਂ ਵਿੱਚ ਅੱਗੇ ਵਧਣਗੇ, ਅਤੇ ਬ੍ਰੈਂਪਟਨ ਦੇ ਕਾਰੋਬਾਰੀ ਭਾਈਚਾਰੇ ਵਿੱਚ ਸਥਾਨਕ ਨਵੇਂ ਸਥਾਪਤ ਕਾਰੋਬਾਰੀਆਂ ਅਤੇ ਹੋਰ ਸਟੇਕਹੋਲਡਰਾਂ ਦੇ ਨਾਲ ਸਬੰਧ ਬਣਾਉਣਗੇ। ਉਹਨਾਂ ਦਾ ਅਗਲਾ ਕਾਰਜਕਰਮ ਅਗਸਤ ਦੇ ਅੰਤ ਵਿੱਚ ਕਰਨ ਦੀ ਯੋਜਨਾ ਹੈ।

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।